## ਟੋਨਰ ਰਿਫਿਲ/ਕਾਟਰੇਜ਼ ਦੀ ਖਰੀਦ ਸਬੰਧੀ ਸਰਤਾਂ

1) ਟੈਡਰ ਡਾਕੂਮੈਟ ਬਠਿੰਡਾ ਜਿਲ੍ਹੇ ਦੀ ਵੈਬਸਾਇਟ www.bathinda.nic.in ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ।

2) ਟੈਡਰ ਫਾਰਮ ਮਿਤੀ:28-07-2017 ਦੁਪਹਿਰ 02:00 ਵਜੇ ਤੱਕ ਡੀ.ਸੀ.ਦਫਤਰ ਵਿੱਚ ਕਮਰਾ ਨੰਬਰ 102 ਨਜਾਰਤ ਸ਼ਾਖਾ ਵਿਖੇ ਜਮਾਂ ਕਰਵਾਏ ਜਾ ਸਕਦੇ ਹਨ। ਦੁਪਹਿਰ 02:00 ਵਜੇ ਤੋ ਬਾਅਦ ਕਿਸੇ ਵੀ ਹਾਲਤ ਵਿਚ ਟੈਡਰ ਫਾਰਮ ਇਸ ਦਫਤਰ ਵੱਲੋ ਪ੍ਰਾਪਤ ਨਹੀ ਕੀਤਾ ਜਾਵੇਗਾ। ਡਾਕ ਰਾਹੀ ਹੋਈ ਦੇਰੀ ਲਈ ਇਹ ਦਫਤਰ ਜੁਮੇਵਾਰ ਨਹੀ ਹੋਵੇਗਾ।ਇਹ ਟੈਡਰ ਦੁਪਹਿਰ 03:00 ਵਜੇ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਬਠਿੰਡਾ ਜੀ ਦੇ ਕਮਰਾ ਨੰਬਰ 212 ਵਿੱਚ ਖੋਲੋ ਜਾਣਗੇ।

3) ਟੈਡਰ ਮੋਹਰਬੰਦ ਲਿਫਾਫੇ ਵਿੱਚ ਦੇਣਾ ਹੋਵੇਗਾ।ਹਰੇਕ ਸਮੱਗਰੀ ਲਈ ਉਸਦੇ ਆਕਾਰ/ਮਾਤਰਾ ਦੇ ਆਧਾਰ ਤੇ ਕੇਵਲ ਇੱਕੋ ਰਕਮ ਲਿਖੀ ਹੋਵੇਗੀ।ਰੇਟ ਸਾਰੀਆਂ ਤਰ੍ਹਾਂ ਦੇ ਕਰ (ਟੈਕਸ ਆਦਿ) ਅਤੇ ਕਿਰਾਏ ਸਮੇਤ ਰਹੇਗਾ। ਟੈਂਡਰ ਦੇ ਤਕਨੀਕੀ ਅਤੇ ਵਿੱਤੀ ਬਿਡ ਦੇ ਅਲੱਗ-2 ਲਿਫਾਫੇ ਤਿਆਰ ਕਰਕੇ ਇੱਕ ਮੋਹਰਬੰਦ ਲਿਫਾਫੇ ਵਿੱਚ ਪਾਉਣਾ ਯਕੀਨੀ ਬਣਾਇਆ ਜਾਵੇ।

4) ਟੋਨਰ ਦੀ ਖਰੀਦ/ਰਿਫਿਲ ਇੱਕ ਵਾਰ ਵਿੱਚ ਨਹੀ ਕੀਤੀ ਜਾਵੇਗੀ।ਸਮੇ ਸਮੇ ਤੇ ਜਰੂਰਤ ਪੈਣ ਤੇ ਟੋਨਰ ਦੀ ਖਰੀਦ/ਰਿਫਿਲ ਕਰ ਲਈ ਜਾਵੇਗੀ।ਬਿੱਲ ਦਾ ਭੁਗਤਾਨ ਪ੍ਰਾਪਤ ਵਸਤੂ ਦੀ ਉਪਲੱਬਧਾ ਦੇ ਆਧਾਰ ਤੇ ਸਮੇ-ਸਮੇ ਤੇ ਕੀਤਾ ਜਾਵੇਗਾ।ਇਸ ਟੈਂਡਰ ਦੀ ਮਿਆਦ ਇੱਕ ਸਾਲ ਦੀ ਹੋਵੇਗੀ।

5) ਟੈਡਰ ਡਿਪਟੀ ਕਮਿਸ਼ਨਰ ਬਠਿੰਡਾ ਦੇ ਨਾਮ ਤੇ ਅਪਲਾਈ ਕੀਤਾ ਜਾਵੇ।

6) ਫਰਮ ਦੇ ਬਿੱਲ ਪਕੇ ਹੋਣੇ ਚਾਹੀਦੇ ਹਨ । ਫਰਮ ਕੋਲ ਪੈਨ ਨੰਬਰ/ ਜੀ.ਐਸ.ਟੀ ਹੋਣਾ ਚਾਹੀਦਾ ਹੈ। ਪੈਨ ਨੰਬਰ/ ਜੀ.ਐਸ.ਟੀ ਦੀ ਕਾਪੀ ਨਾਲ ਨੱਥੀ ਕੀਤੀ ਜਾਵੇ। ਟੈਂਡਰ ਦੇਣ ਵਾਲੀਆਂ ਫਰਮਾਂ/ਸੰਸਥਾਂ ਵੱਲੋ ਆਪਣੀ ਫਰਮ ਦੇ ਲੈਟਰ ਹੈਡ ਤੇ ਟੈਂਡਰ ਦੀਆ ਸ਼ਰਤਾ ਨਾਲ ਨੱਥੀ **self declaration ਦੇਣਾ** ਹੋਵੇਗਾ।

7) ਇਸ ਦਫਤਰ ਕੋਲ ਬਿਨ੍ਹਾਂ ਕਾਰਨ ਦੱਸੇ ਕਿਸੇ ਵੀ ਟੈਂਡਰਕਤਾ ਦਾ ਟੈਂਡਰ ਸਵੀਕਾਰ ਜਾਂ ਅਸਵੀਕਾਰ ਜਾਂ ਕੁਝ ਹਿੱਸਾ ਸਵੀਕਾਰ ਕਰਨ ਅਤੇ ਕਿਸੇ ਪ੍ਰਕਾਰ ਦੀ ਸੋਧ ਕਰਨ ਜਾਂ ਇੱਕ ਤੋ ਵੱਧ ਟੈਂਡਰਕਰਤਾ ਦੀ ਨਿਯੁਕਤੀ ਕਰਨ ਦਾ ਅਧਿਕਾਰ ਹੋਵੇਗਾ।

8) ਟੈਂਡਰ ਸਬੰਧੀ ਗਠਿਤ ਕੀਤੀ ਗਈ ਕਮੇਟੀ ਅਤੇ L-1 ਟੈਂਡਰਕਰਤਾ ਦੀ ਸਹਿਮਤੀ ਨਾਲ ਇਸ ਟੈਂਡਰ ਨੂੰ ਅਗਲੇ ਵਿੱਤੀ ਸਾਲ ਤੱਕ ਵੀ ਨਿਰਧਾਰਤ ਕੀਤਾ ਜਾ ਸਕਦਾ ਹੈ।

9) ਟੈਡਰ ਬਿਨਾ ਨੋਟਿਸ ਅਤੇ ਕਾਰਨ ਦਸੇ, ਕਦੋ ਵੀ ਰੱਦ ਕੀਤਾ ਜਾ ਸਕਦਾ ਹੈ।ਇਸ ਲਈ ਕੋਈ ਵਖਰਾ ਇਸ਼ਤਿਹਾਰ ਨਹੀ ਦਿੱਤਾ ਜਾਵੇਗਾ।

10) ਟੈਡਰ ਨਾਲ ਮੁ 10,000/- ਰੁਪਏ ਦੀ Earnest Money ਦਾ ਬੈਕ ਡਰਾਫਟ ਲੱਗਿਆ ਹੋਣਾ ਚਾਹੀਦਾ ਹੈ। ਬਿਨਾ Earnest Money ਟੈਡਰ ਫਾਰਮ ਕਿਸੇ ਵੀ ਹਾਲਤ ਵਿਚ ਪ੍ਰਵਾਨ ਨਹੀ ਕੀਤਾ ਜਾਵੇਗਾ । ਜਿਸ ਫਰਮ ਨੂੰ ਸਪਲਾਈ ਆਡਰ ਮਿਲੇਗਾ, ਉਸ ਨੂੰ ਇੱਕ ਸਾਲ ਦੇ ਖਤਮ ਹੋਣ ਤੋ 30 ਦਿਨ ਬਾਅਦ ਇਹ Earnest Money ਵਾਪਸ ਕੀਤੀ ਜਾਵੇਗੀ ਤੇ ਬਾਕੀ ਫਰਮਾਂ ਨੂੰ ਇੱਕ ਹਫਤੇ ਦੇ ਅੰਦਰ-ਅੰਦਰ ਵਾਪਸ ਕਰ ਦਿੱਤੀ ਜਾਵੇਗੀ।

11) ਨਾਲ ਨੱਥੀ ਲਿਸਟ ਅਨੁਸਾਰ ਹੀ ਸਮਾਨ ਦੇ ਰੇਟ ਦਰਜ਼ ਕਰਕੇ ਦਿੱਤੇ ਜਾਣ। ਸਮਾਨ ਨਾਲ ਨੱਥੀ ਲਿਸਟ ਮੁਤਾਬਿਕ ਕੰਪਨੀ ਦਾ ਹੋਣਾ ਚਾਹੀਦਾ ਹੈ।

12) ਕੁਟੇਸ਼ਨ ਵਿਚ ਸਮਾਨ ਦੇ ਰੇਟਜ਼ ਸਮੇਤ ਵੈਟ/ਜੀ.ਐਸ.ਟੀ ਅਤੇ ਕੈਰਜ ਦਸੇ ਜਾਣ ਨਹੀ ਤਾ ਫਰਮ ਵਲੋ ਦਿੱਤੀ ਕੁਟੇਸ਼ਨ ਨੂੰ ਪ੍ਰਵਾਨ ਨਹੀ ਕੀਤਾ ਜਾਵੇਗਾ।

13) ਫਰਮ ਵੱਲੋ ਆਪਣਾ ਲੈਂਡ ਲਾਈਨ ਨੰਬਰ/ਮੋਬਾਇਲ ਨੰਬਰ ਅਤੇ ਈ-ਮੇਲ ਆਈ.ਡੀ.ਦਿੱਤੀ ਜਾਵੇ ਜਿਸ ਰਾਂਹੀ ਫਰਮ ਨੂੰ ਟੋਨਰਾਂ ਸਬੰਧੀ ਕੰਮਪਲੇਟ ਦਰਜ਼ ਕੀਤੀ ਜਾ ਸਕੇ। ਇਸ ਦਫਤਰ ਵੱਲੋ ਫਰਮ ਨੂੰ ਕੰਮਪਲੈਟ ਕੀਤੇ ਜਾਣ ਤੇ 2 ਘੰਟਿਆ ਦੇ ਅੰਦਰ-2 ਇਸ ਦਾ ਹਲ ਕਰਵਾਉਣਾ ਯਕੀਨੀ ਬਣਾਇਆ ਜਾਵੇ ਨਹੀ ਤਾ ਬਿੱਲ ਦੀ ਰਕਮ ਤੇ 10 ਪ੍ਰਤੀਸ਼ਤ ਪਰਨੈਲਟੀ ਲਗੇਗੀ।ਤਿੰਨ ਵਾਰ ਕੰਮਪਲੈਟ ਸਹੀ ਸਮੇ ਸਿਰ ਅਟੈਂਡ ਨਾ ਕਰਨ ਤੇ ਟੈਂਡਰ ਕੈਸਲ ਕਰਦੇ ਹੋਏ ਉਸ ਫਰਮ ਨੂੰ ਬਲੈਕ ਲਿਸਟ ਕਰ ਦਿੱਤਾ ਜਾਵੇਗਾ। ਅਤੇ ਦਿੱਤੀ Earnest Money ਜਬੱਤ ਕਰ ਲਈ ਜਾਵੇਗੀ।

**14)** ਇਹਨਾਂ ਸ਼ਰਤਾਂ ਨੂੰ ਨਾ ਪੂਰੀਆਂ ਕਰਨ ਵਾਲਾ ਟੈਂਡਰਕਾਰ ਟੈਂਡਰ ਦੇਣ ਦੇ ਯੋਗ ਨਹੀ ਹੋਵੇਗਾ।